Taxi & Limousine Commission

# ਇਸ ਲਈ ਕਿਵੇਂ ਗਾਈਡ ਕਰੀਏ: (LARS) ਲਾਇਸੰਸ ਐਪਲੀਕੇਸ਼ਨ ਨਵੀਨੀਕਰਣ ਅਤੇ ਸੰਮਨ

NYC.GOV/LARS (LARS) ਐਪਲੀਕੇਸ਼ਨਾਂ ਸ਼ੁਰੂ ਕਰਨ, ਫੀਸਾਂ ਦਾ ਭੁਗਤਾਨ ਕਰਨ, ਲਾਇਸੰਸ ਦੀ ਜਾਣਕਾਰੀ ਨੂੰ ਅੱਪਡੇਟ ਕਰਨ ਅਤੇ ਸੰਮਨਾਂ ਨੂੰ ਸੰਭਾਲਣ ਦਾ ਇੱਕ ਤੇਜ਼, ਆਸਾਨ ਅਤੇ ਸੁਵਿਧਾਜਨਕ ਤਰੀਕਾ ਹੈ।

ਇਹ ਗਾਈਡ LARS ਦੀ ਵਰਤੋਂ ਕਰਨ ਦੇ ਤਰੀਕੇ ਬਾਰੇ ਕਦਮ-ਦਰ-ਕਦਮ ਦਿਸ਼ਾ-ਨਿਰਦੇਸ਼ ਪ੍ਰਦਾਨ ਕਰੇਗੀ।

03.09.2021

# ਵਿਸ਼ਾ-ਸੂਚੀ


1. ਸੰਮਨ/ਸਮਝੌਤੇ ਸੰਭਾਲਨ ਦਾ ਤਰੀਕਾ ਪੰਨਾ. 4

2. ਫੀਸਾਂ ਦਾ ਭੁਗਤਾਨ ਕਰਨ ਦਾ ਤਰੀਕਾ ਪੰਨਾ. 8

3. ਤੁਹਾਡੀ ਸੰਪਰਕ ਜਾਣਕਾਰੀ ਨੂੰ ਦੇਖਣ ਅਤੇ ਅੱਪਡੇਟ ਕਰਨ ਦਾ ਤਰੀਕਾ ਪੰਨਾ. 10

4. ਇੱਕ ਨਵੇਂ ਲਾਇਸੰਸ ਦੀ ਐਪਲੀਕੇਸ਼ਨ ਸਬਮਿਟ ਕਰਨ ਦਾ ਤਰੀਕਾ

   ਡਰਾਈਵਰ ਪੰਨਾ. 13

   ਕਿਰਾਏ-'ਤੇ ਚੱਲਣ ਵਾਲੇ ਵਾਹਨ ਲਈ ਪੰਨਾ. 15

5. ਇੱਕ ਲਾਇਸੰਸ ਦੇ ਨਵੀਨੀਕਰਣ ਦਾ ਭੁਗਤਾਨ ਕਰਨ ਦਾ ਤਰੀਕਾ

   ਡਰਾਈਵਰ ਪੰਨਾ. 18

   ਵਾਹਨ ਪੰਨਾ. 20

## TLC ਡਰਾਈਵਰ ਦਾ ਲਾਇਸੰਸ




## TLC ਮੈਡਲਿਅਨ

## TLC ਵਾਹਨ ਦਾ ਲਾਇਸੰਸ

ਤੁਹਾਡਾ TLC ਵਾਹਨ ਲਾਇਸੰਸ ਨੰਬਰ ਤੁਹਾਡੇ ਵਾਹਨ ਦੇ ਡੈਕਲ 'ਤੇ ਪਾਇਆ ਜਾ ਸਕਦਾ ਹੈ।






ਵਿਸ਼ਾ-ਸੂਚੀ 'ਤੇ ਵਾਪਸ ਜਾਓ ^

1. ਖੱਬੇ ਪਾਸੇ ਨੈਵੀਗੇਸ਼ਨ ਬਾਰ ਤੋਂ 'ਸੰਮਨ/ਸਮਝੌਤੇ' ਨੂੰ ਚੁਣੋ।

ਜੇਕਰ ਤੁਸੀਂ ਉਹ ਸਾਰੇ ਸੰਮਨ/ਸਮਝੌਤੇ ਦੇਖਣੇ ਚਾਹੁੰਦੇ ਹੋ, ਜੋ ਕਿਸੇ ਖਾਸ ਲਾਇਸੰਸ ਨੰਬਰਾਂ ਲਈ ਖੁੱਲ੍ਹੇ ਹਨ, ਤਾਂ 'ਵਿਕਲਪ 1' ਸੈਕਸ਼ਨ 'ਤੇ ਜਾਓ ਅਤੇ ਹੇਠਾਂ ਦਿੱਤੇ 1.A ਵਿੱਚ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ।

ਜੇਕਰ ਤੁਸੀਂ ਨੰਬਰ ਅਨੁਸਾਰ ਇੱਕ ਵਿਸ਼ੇਸ਼ ਸੰਮਨ/ਸਮਝੌਤੇ ਦੇਖਣੇ ਚਾਹੁੰਦੇ ਹੋ, ਤਾਂ 'ਵਿਕਲਪ 2' ਸੈਕਸ਼ਨ 'ਤੇ ਜਾਓ ਅਤੇ ਹੇਠਾਂ ਦਿੱਤੇ 1.B ਵਿੱਚ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ।

**1.A ਵਿਕਲਪ 1 — ਲਾਇਸੰਸ ਨੰਬਰ ਅਨੁਸਾਰ ਖੋਜੋ**

1.A.1 ਲਾਇਸੰਸ ਦੀ ਕਿਸਮ ਨੂੰ ਚੁਣੋ (ਉਦਾਹਰਨ: ਡਰਾਈਵਰ)।

1.A.2 ਆਪਣਾ ਲਾਇਸੰਸ ਨੰਬਰ, ਲਾਇਸੰਸ ਦੀ ਮਿਆਦ ਸਮਾਪਤ ਹੋਣ ਦੀ ਮਿਤੀ ਅਤੇ ਆਪਣੇ ਸਮਾਜਕ ਸੁਰੱਖਿਆ ਨੰਬਰ (SSN) ਜਾਂ ਮਾਲਕ ਪਛਾਣ ਨੰਬਰ (EIN) ਦੇ ਅੰਤਮ 5 ਅੰਕ ਦਾਖ਼ਲ ਕਰੋ।

1.A.3 'ਮੈਂ ਰੋਬੋਟ ਨਹੀਂ ਹਾਂ' ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ ਅਤੇ "CAPTCHA" ਨੂੰ ਪੂਰਾ ਕਰੋ।

1.A.4 'ਖੋਜੋ' 'ਤੇ ਕਲਿੱਕ ਕਰੋ ਅਤੇ ਫਿਰ ਕਦਮ 2 ਵਿੱਚ ਹੇਠਾਂ ਦਿੱਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ।







**ਅਗਲੇ ਪੰਨੇ 'ਤੇ ਜਾਰੀ >>**

ਵਿਸ਼ਾ-ਸੂਚੀ 'ਤੇ ਵਾਪਸ ਜਾਓ ^

**1.B ਵਿਕਲਪ 2 — ਸੰਮਨ/ਸਮਝੌਤਾ ਨੰਬਰ ਅਨੁਸਾਰ ਖੋਜੋ**

1.B.1 ਆਪਣਾ ਸੰਮਨ/ਸਮਝੌਤਾ ਨੰਬਰ ਦਾਖ਼ਲ ਕਰੋ (ਬਿਨਾਂ ਕਿਸੇ ਡੈਸ਼/ ਸਪੇਸ ਦੇ)

1.B.2 'ਮੈਂ ਰੋਬੋਟ ਨਹੀਂ ਹਾਂ' ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ ਅਤੇ "CAPTCHA" ਨੂੰ ਪੂਰਾ ਕਰੋ।

1.B.3 'ਖੋਜੋ' 'ਤੇ ਕਲਿੱਕ ਕਰੋ ਅਤੇ ਫਿਰ ਕਦਮ 2 ਵਿੱਚ ਹੇਠਾਂ ਦਿੱਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ।

**ਅਗਲੇ ਪੰਨੇ 'ਤੇ ਜਾਰੀ >>**







ਵਿਸ਼ਾ-ਸੂਚੀ 'ਤੇ ਵਾਪਸ ਜਾਓ ^

2. 'ਜਵਾਬਦੇਹ ਪ੍ਰਮਾਣਿਕਤਾ' ਅਤੇ 'ਘੋਸ਼ਣਾ-ਪੱਤਰ' ਸੈਕਸ਼ਨ ਵਿੱਚ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ 'ਮੈਂ ਸਹਿਮਤ ਹਾਂ' ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ।

3. ਤੁਹਾਨੂੰ ਇੱਕ ਪੌਪ-ਅੱਪ ਚਿਤਾਵਨੀ ਦਿਖਾਈ ਦੇਵੇਗੀ। ਜੇਕਰ ਤੁਸੀਂ ਭਾਸ਼ਾ ਨਾਲ ਸਹਿਮਤ ਹੋ, ਤਾਂ 'ਠੀਕ ਹੈ' ਨੂੰ ਚੁਣੋ।

**ਅਗਲੇ ਪੰਨੇ 'ਤੇ ਜਾਰੀ >>**










ਵਿਸ਼ਾ-ਸੂਚੀ 'ਤੇ ਵਾਪਸ ਜਾਓ ^

4. ਆਪਣੇ ਸੰਮਨ ਬਾਰੇ ਸਾਰਣੀ ਵਿੱਚ ਦਿੱਤੀ ਜਾਣਕਾਰੀ ਦੇ ਨਾਲ, 'ਇੱਕ ਸੰਮਨ ਦਾ ਭੁਗਤਾਨ ਕਰੋ' ਪੰਨੇ ਦੇ ਸਿਖਰ 'ਤੇ ਭਾਸ਼ਾ ਦੀ ਸਮੀਖਿਆ ਕਰੋ।

(ਸੰਮਨਾਂ ਦੀ ਕਿਸਮ ਦੇ ਅਧਾਰ 'ਤੇ, ਇਸ ਨਾਲ ਸੰਬੰਧਿਤ ਪੁਆਇੰਟ ਹੋ ਸਕਦੇ ਹਨ।)

5. 'ਦੋਸ਼ੀ ਦਾ ਸਵੀਕਾਰਨਾਮਾ' ਸੈਕਸ਼ਨ ਵਿੱਚ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ 'ਮੈਂ ਸਹਿਮਤ ਹਾਂ' ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ।

6. ਅੰਤ ਵਿੱਚ, 'ਜਾਰੀ ਰੱਖੋ' 'ਤੇ ਕਲਿੱਕ ਕਰੋ। ਫਿਰ ਤੁਹਾਨੂੰ ਨਿਊ ਯਾਰਕ ਸ਼ਹਿਰ ਦੇ ਭੁਗਤਾਨ ਪੋਰਟਲ (CityPay) ਵਿਖੇ ਲਿਜਾਇਆ ਜਾਵੇਗਾ ਅਤੇ ਟ੍ਰਾਂਜੈਕਸ਼ਨ ਨੂੰ ਪੂਰਾ ਕਰਨ ਦੇ ਤਰੀਕੇ ਬਾਰੇ ਵਧੇਰੇ ਦਿਸ਼ਾ-ਨਿਰਦੇਸ਼ ਦਿੱਤੇ ਜਾਣਗੇ।

7. CityPay ਪੋਰਟਲ ਵਿੱਚ ਭੁਗਤਾਨ ਦੇ ਬਾਅਦ, ਤੁਸੀਂ ਇੱਕ ਈਮੇਲ-ਅਧਾਰਿਤ ਰਸੀਦ ਪ੍ਰਾਪਤ ਕਰੋਗੇ।



4

MAKE A SUMMONS PAYMENT

The following summons(es)/settlement(s) are associated with the information you provided. Be advised that this listing may not be inclusive as there may be other pending summons(es)/settlement(s) which require you to appear before an Administrative Law Judge.

*Please note that payment of the penalty amount due on a summons/settlement does not guarantee closure of the summons/settlement if there are other required actions you must take.

| Respondent | Respondent Number | Respondent Type | Mailing Address |
|---|---|---|---|
| [redacted] | [redacted] | TLCHDR | [redacted] |

Summons/Settlement

| Settlement Agreement /Summons # | Rule Charged | Date Issued | Hearing Date | Amount Due | Points | Suspension/ Revocation |
|---|---|---|---|---|---|---|
| [redacted] | | 02/22/2019 | | $300.00 | 2 | |

Summons/Settlement Amount: $300.00

5

Guilty Acceptance

I understand that by checking the following box I am pleading guilty to the New York City Taxi and Limousine (TLC) violation(s) listed above, which is the same as being found guilty by a judge. I also understand that as part of my guilty plea I am required to pay the fine(s) listed on the summons/settlement for the violation. I understand that by pleading guilty I have waived my rights to any administrative and/or judicial review or appeal of this matter and any claims for damages, costs, attorney's fees or other related expenses. I understand that failure to pay the fines will result in action being taken by the TLC against my existing license or the denial of an application submitted by me for licensure.

I Agree

The city of New York offers multiple payment options. As a convenience to you, the City of New York accepts credit and debit cards. If you choose to pay with a credit or debit card, you will be charged a convenience fee. This fee is nonrefundable. You will see this amount before you check out. The fee will be shown as a separate charge on your credit or debit card statement, and the New York City Department of Finance will be the merchant. **If you pay by E-Check, you will not be charged a fee.**

6

Continue

ਵਿਸ਼ਾ-ਸੂਚੀ 'ਤੇ ਵਾਪਸ ਜਾਓ ^

1. ਖੱਬੇ ਪਾਸੇ ਨੈਵੀਗੇਸ਼ਨ ਬਾਰ ਤੋਂ 'ਫੀਸਾਂ ਅਤੇ ਵਾਪਸ ਹੋਏ ਭੁਗਤਾਨ' ਨੂੰ ਚੁਣੋ।

2. ਉਸ ਲਾਇਸੰਸ ਸਥਿਤੀ ਦੀ ਚੋਣ ਕਰੋ, ਜੋ ਤੁਹਾਡੇ ਲਾਇਸੰਸ ਦਾ ਸਭ ਤੋਂ ਵਧੀਆ ਵਰਣਨ ਕਰਦੀ ਹੈ ਅਤੇ ਫਿਰ 'ਜਾਰੀ ਰੱਖੋ' 'ਤੇ ਕਲਿੱਕ ਕਰੋ।

3. ਆਪਣਾ ਲਾਇਸੰਸ ਨੰਬਰ, ਲਾਇਸੰਸ ਦੀ ਮਿਆਦ ਸਮਾਪਤ ਹੋਣ ਦੀ ਮਿਤੀ ਅਤੇ ਆਪਣੇ ਸਮਾਜਕ ਸੁਰੱਖਿਆ ਨੰਬਰ (SSN) ਜਾਂ ਮਾਲਕ ਪਛਾਣ ਨੰਬਰ (EIN) ਦੇ ਅੰਤਮ 5 ਅੰਕ ਦਾਖ਼ਲ ਕਰੋ।

4. ਮੈਂ ਰੋਬੋਟ ਨਹੀਂ ਹਾਂ' ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ ਅਤੇ "CAPTCHA" ਨੂੰ ਪੂਰਾ ਕਰੋ ਅਤੇ ਫਿਰ 'ਖੋਜੋ' 'ਤੇ ਕਲਿੱਕ ਕਰੋ।

5. 'ਫੀਸ TLC ਪ੍ਰਮਾਣੀਕਰਨ' ਅਤੇ 'ਘੋਸ਼ਣਾ-ਪੱਤਰ' ਸੈਕਸ਼ਨ ਵਿੱਚ ਭਾਸ਼ਾ ਦੇ ਨਾਲ-ਨਾਲ ਸਾਰਣੀ ਵਿੱਚ ਦਿੱਤੀ ਗਈ ਜਾਣਕਾਰੀ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ 'ਮੈਂ ਸਹਿਮਤ ਹਾਂ' ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ।

6. 'ਜਾਰੀ ਰੱਖੋ' 'ਤੇ ਕਲਿੱਕ ਕਰੋ

**ਅਗਲੇ ਪੰਨੇ 'ਤੇ ਜਾਰੀ>>**




ਵਿਸ਼ਾ-ਸੂਚੀ 'ਤੇ ਵਾਪਸ ਜਾਓ ^

7. 'ਫੀਸਾਂ ਅਤੇ ਵਾਪਸੀ ਸੰਬੰਧੀ ਭੁਗਤਾਨ' ਸੈਕਸ਼ਨ ਵਿੱਚ ਫੀਸਾਂ ਦੀ ਸਮੀਖਿਆ ਕਰੋ।

8. ਵਿਅਕਤੀਗਤ ਫੀਸਾਂ ਨੂੰ ਦੇਖਣ ਲਈ ਫੀਸ ਦੀਆਂ ਕਿਸਮਾਂ ਦੇ ਖੱਬੇ ਪਾਸੇ "+" ਨਿਸ਼ਾਨ 'ਤੇ ਟੈਪ ਕਰੋ।

9. ਤੁਸੀਂ ਜਿਨ੍ਹਾਂ ਫੀਸਾਂ ਦਾ ਭੁਗਤਾਨ ਕਰਨਾ ਚਾਹੁੰਦੇ ਹੋ, ਉਹਨਆਂ ਦੇ ਸਾਮ੍ਹਣੇ  ਬਾਕਸ 'ਤੇ ਕਲਿੱਕ ਕਰੋ। 'ਸੰਖੇਪ' ਸੈਕਸ਼ਨ ਵਿਚਲੀ 'ਕੁੱਲ ਰਕਮ' ਤੁਹਾਡੀਆਂ ਚੋਣਾਂ ਨੂੰ ਦਰਸਾਉਣ ਲਈ ਅੱਪਡੇਟ ਹੋਵੇਗੀ। (ਤੁਸੀਂ ਇੱਕ ਵਾਰ ਵਿੱਚ 60 ਫੀਸਾਂ ਦੀ ਚੋਣ ਕਰ ਸਕਦੇ ਹੋ।)

10. 'ਭੁਗਤਾਨ ਦਾ ਘੋਸ਼ਣਾ-ਪੱਤਰ' ਸੈਕਸ਼ਨ ਵਿੱਚ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ 'ਮੈਂ ਸਹਿਮਤ ਹਾਂ' ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ।

11. ਅੰਤ ਵਿੱਚ, 'ਜਾਰੀ ਰੱਖੋ' 'ਤੇ ਕਲਿੱਕ ਕਰੋ। ਫਿਰ ਤੁਹਾਨੂੰ ਨਿਊ ਯਾਰਕ ਸ਼ਹਿਰ ਦੇ ਭੁਗਤਾਨ ਪੋਰਟਲ (CityPay) ਵਿਖੇ ਲਿਜਾਇਆ ਜਾਵੇਗਾ ਅਤੇ ਟ੍ਰਾਂਜੈਕਸ਼ਨ ਨੂੰ ਪੂਰਾ ਕਰਨ ਦੇ ਤਰੀਕੇ ਬਾਰੇ ਵਧੇਰੇ ਦਿਸ਼ਾ-ਨਿਰਦੇਸ਼ ਦਿੱਤੇ ਜਾਣਗੇ।

12. CityPay ਪੋਰਟਲ ਵਿੱਚ ਭੁਗਤਾਨ ਦੇ ਬਾਅਦ, ਤੁਸੀਂ ਇੱਕ ਈਮੇਲ-ਅਧਾਰਿਤ ਰਸੀਦ ਪ੍ਰਾਪਤ ਕਰੋਗੇ।




ਵਿਸ਼ਾ-ਸੂਚੀ 'ਤੇ ਵਾਪਸ ਜਾਓ ^

ਨੋਟ: ਜੇਕਰ ਤੁਹਾਡੇ ਕੋਲ ਇੱਕ ਤੋਂ ਵੱਧ TLC ਲਾਇਸੰਸ ਹਨ, ਤਾਂ ਤੁਹਾਨੂੰ ਹਰ ਲਾਇਸੰਸ ਲਈ ਆਪਣੀ ਸੰਪਰਕ ਜਾਣਕਾਰੀ ਨੂੰ ਵੱਖਰੇ ਤੌਰ 'ਤੇ ਅੱਪਡੇਟ ਕਰਨਾ ਚਾਹੀਦਾ ਹੈ।

1. ਖੱਬੇ ਪਾਸੇ ਨੈਵੀਗੇਸ਼ਨ ਬਾਰ ਤੋਂ 'ਜਾਣਕਾਰੀ ਅੱਪਡੇਟ ਕਰੋ' ਨੂੰ ਚੁਣੋ।

2. ਉਸ ਲਾਇਸੰਸ ਕਿਸਮ ਦੀ ਚੋਣ ਕਰੋ, ਜਿਸਨੂੰ ਤੁਸੀਂ ਅੱਪਟੇਡ ਕਰਨਾ ਚਾਹੁੰਦੇ ਹੋ ਤੇ ਫਿਰ 'ਜਾਰੀ ਰੱਖੋ' 'ਤੇ ਕਲਿੱਕ ਕਰੋ।

3. ਆਪਣਾ ਲਾਇਸੰਸ ਨੰਬਰ, ਲਾਇਸੰਸ ਦੀ ਮਿਆਦ ਸਮਾਪਤ ਹੋਣ ਦੀ ਮਿਤੀ ਅਤੇ ਆਪਣੇ ਸਮਾਜਕ ਸੁਰੱਖਿਆ ਨੰਬਰ (SSN) ਜਾਂ ਮਾਲਕ ਪਛਾਣ ਨੰਬਰ (EIN) ਦੇ ਅੰਤਮ 5 ਅੰਕ ਦਾਖ਼ਲ ਕਰੋ।

4. ਮੈਂ ਰੋਬੋਟ ਨਹੀਂ ਹਾਂ' ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ ਅਤੇ "CAPTCHA" ਨੂੰ ਪੂਰਾ ਕਰੋ ਅਤੇ ਫਿਰ 'ਖੋਜੋ' 'ਤੇ ਕਲਿੱਕ ਕਰੋ।

5. 'TLC ਪ੍ਰਮਾਣਿਕਤਾ' ਅਤੇ 'ਘੋਸ਼ਣਾ-ਪੱਤਰ' ਸੈਕਸ਼ਨ ਵਿੱਚ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ 'ਮੈਂ ਸਹਿਮਤ ਹਾਂ' ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ। ਫਿਰ, 'ਜਾਰੀ ਰੱਖੋ' 'ਤੇ ਕਲਿੱਕ ਕਰੋ।

**ਅਗਲੇ ਪੰਨੇ 'ਤੇ ਜਾਰੀ >>**










ਵਿਸ਼ਾ-ਸੂਚੀ 'ਤੇ ਵਾਪਸ ਜਾਓ ^

6. ਫਿਰ ਤੁਹਾਨੂੰ ਖੱਬੇ ਪਾਸੇ ਤੁਹਾਡੀ ਮੌਜੂਦਾ ਈਮੇਲ, ਫ਼ੋਨ, ਮੇਲਿੰਗ ਅਤੇ ਰਿਹਾਇਸ਼ੀ ਪਤੇ ਦਿਖਾਏ ਜਾਣਗੇ। ਸੱਜੇ ਪਾਸੇ, ਤੁਸੀਂ ਖਾਲੀ ਖੇਤਰ ਦੇਖੋਂਗੇ।

7. A ਜੇਕਰ ਤੁਸੀਂ ਆਪਣਾ ਫ਼ੋਨ ਨੰਬਰ ਅੱਪਡੇਟ ਕਰਨਾ ਚਾਹੁੰਦੇ ਹੋ, ਤਾਂ 'ਟੈਲੀਫ਼ੋਨ' ਸਿਰਲੇਖ ਵਾਲੇ ਖੇਤਰ ਵਿੱਚ ਆਪਣਾ ਨਵਾਂ ਫ਼ੋਨ ਨੰਬਰ ਦਾਖ਼ਲ ਕਰੋ। ਤੁਹਾਨੂੰ ਕਿਸੇ ਹੋਰ ਖੇਤਰ ਨੂੰ ਭਰਨ ਦੀ ਜ਼ਰੂਰਤ ਨਹੀਂ ਹੈ।

7.B ਜੇਕਰ ਤੁਸੀਂ ਆਪਣਾ ਈਮੇਲ ਪਤੇ ਨੂੰ ਅੱਪਡੇਟ ਕਰਨਾ ਚਾਹੁੰਦੇ ਹੋ, ਤਾਂ ਆਪਣਾ ਨਵਾਂ ਈਮੇਲ ਪਤਾ 'ਈਮੇਲ ਪਤਾ' ਅਤੇ 'ਈਮੇਲ ਪਤੇ ਦੀ ਪੁਸ਼ਟੀ ਕਰੋ' ਖੇਤਰਾਂ ਵਿੱਚ ਭਰੋ। ਤੁਹਾਨੂੰ ਕਿਸੇ ਹੋਰ ਖੇਤਰ ਨੂੰ ਭਰਨ ਦੀ ਜ਼ਰੂਰਤ ਨਹੀਂ ਹੈ।

7.C ਜੇਕਰ ਤੁਸੀਂ ਇਹ ਅੱਪਡੇਟ ਕਰਨਾ ਚਾਹੁੰਦੇ ਹੋ ਕਿ ਤੁਹਾਡੀ ਮੇਲ ਕਿੱਥੇ ਭੇਜੀ ਜਾਂਦੀ ਹੈ (ਮੇਲਿੰਗ ਪਤਾ), 'ਨਵਾਂ ਮੇਲਿੰਗ ਪਤਾ' ਸਿਰਲੇਖ ਦੇ ਅਧੀਨ ਖੇਤਰਾਂ ਨੂੰ ਭਰੋ।

7.D ਜੇਕਰ ਤੁਸੀਂ ਇਹ ਅੱਪਡੇਟ ਕਰਨਾ ਚਾਹੁੰਦੇ ਹੋ ਕਿ ਤੁਸੀਂ ਕਿੱਥੇ ਰਹਿੰਦੇ ਹੋ (ਰਿਹਾਇਸ਼ੀ ਪਤਾ), ਤਾਂ 'ਨਵਾਂ ਰਿਹਾਇਸ਼ੀ ਪਤਾ' ਸਿਰਲੇਖ ਦੇ ਅਧੀਨ ਖੇਤਰ ਨੂੰ ਭਰੋ।

(ਜੇਕਰ ਤੁਸੀਂ ਸਮਾਨ ਸਥਾਨ ਨਾਲ ਆਪਣੇ ਮੇਲਿੰਗ ਅਤੇ ਨਿਵਾਸ ਸਥਾਨ ਦੋਵਾਂ ਨੂੰ ਅੱਪਡੇਟ ਕਰਨਾ ਚਾਹੁੰਦੇ ਹੋ, ਤਾਂ 'ਨਵਾਂ ਮੇਲਿੰਗ ਪਤਾ' ਸਿਰਲੇਖ ਦੇ ਅਧੀਨ ਖੇਤਰ ਨੂੰ ਭਰੋ ਅਤੇ ਫਿਰ 'ਮੇਲਿੰਗ ਪਤੇ ਦੇ ਸਮਾਨ' ਦੇ ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਟੈਪ ਕਰੋ। ਇਹ ਤੁਹਾਡੇ ਲਈ ਤੁਹਾਡੇ ਰਿਹਾਇਸ਼ੀ ਪਤੇ ਨੂੰ ਸਵੈਚਾਲਿਤ ਤੌਰ 'ਤੇ ਭਰ ਦੇਵੇਗਾ।)




**ਅਗਲੇ ਪੰਨੇ 'ਤੇ ਜਾਰੀ >>**

ਵਿਸ਼ਾ-ਸੂਚੀ 'ਤੇ ਵਾਪਸ ਜਾਓ ^

8. 'ਸਮੀਖਿਆ ਕਰੋ ਅਤੇ ਪੁਸ਼ਟੀ ਕਰੋ' ਅਤੇ 'ਪੁਸ਼ਟੀਕਰਨ' ਸੈਕਸ਼ਨਾਂ ਵਿੱਚ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ 'ਮੈਂ ਸਹਿਮਤ ਹਾਂ' ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ।

9 ਅੰਤ ਵਿੱਚ, 'ਅੱਪਡੇਟ ਕੀਤੀ ਜਾਣਕਾਰੀ ਸਬਮਿਟ ਕਰੋ' 'ਤੇ ਕਲਿੱਕ ਕਰੋ। ਫਿਰ ਤੁਹਾਨੂੰ ਇੱਕ ਪੁਸ਼ਟੀਕਰਣ ਦਿੱਤਾ ਜਾਵੇਗਾ।




ਵਿਸ਼ਾ-ਸੂਚੀ 'ਤੇ ਵਾਪਸ ਜਾਓ ^

1. ਖੱਬੇ ਪਾਸੇ ਨੈਵੀਗੇਸ਼ਨ ਬਾਰ ਤੋਂ ‘ਨਵੇਂ ਲਾਇਸੰਸ ਲਈ ਅਪਲਾਈ ਕਰੋ’ ਨੂੰ ਚੁਣੋ।

2. ‘ਐਪਲੀਕੇਸ਼ਨ ਦੀ ਕਿਸਮ’ ਸਵਾਲ ਲਈ, ‘ਡਰਾਈਵਰ’ ਚੁਣੋ।

3. ਉਸ ‘ਲਾਇਸੰਸ ਦੀ ਕਿਸਮ’ ਨੂੰ ਚੁਣੋ, ਜਿਸ ਲਈ ਤੁਸੀਂ ਡ੍ਰੌਪ ਡਾਉਨ ਤੋਂ ਅਪਲਾਈ ਕਰਨ ਚਾਹੁੰਦੇ ਹੋ, ਅਤੇ ਫਿਰ ਜਾਰੀ ਰੱਖਣ ਲਈ ‘ਅਪਲਾਈ ਕਰੋ’ ਬਟਨ ‘ਤੇ ਕਲਿੱਕ ਕਰੋ।

4. ‘ਸ਼ੁਰੂਆਤ ਕਰੋ’ ਪੰਨੇ ‘ਤੇ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ ‘ਮੈਂ ਉਪਰੋਕਤ ਲਿਖੇ ਨੂੰ ਪੜ੍ਹ ਅਤੇ ਸਮਝ ਲਿਆ ਹੈ’ ਦੇ ਸਾਮ੍ਹਣੇ ਬਾਕਸ ‘ਤੇ ਕਲਿੱਕ ਕਰੋ ਅਤੇ ਫਿਰ ‘ਜਾਰੀ ਰੱਖੋ’ ‘ਤੇ ਕਲਿੱਕ ਕਰੋ।

5. ‘ਫਿਟਨੈੱਸ ਸਮੀਖਿਆ ਨੋਟਿਸ’ ਪੰਨੇ ‘ਤੇ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ ‘ਮੈਂ ਸਹਿਮਤ ਹਾਂ’ ਦੇ ਸਾਮ੍ਹਣੇ ਬਾਕਸ ‘ਤੇ ਕਲਿੱਕ ਕਰੋ ਅਤੇ ਫਿਰ ‘ਜਾਰੀ ਰੱਖੋ’ ‘ਤੇ ਕਲਿੱਕ ਕਰੋ।










ਅਗਲੇ ਪੰਨੇ ‘ਤੇ ਜਾਰੀ ਰੱਖੋ >>

ਵਿਸ਼ਾ-ਸੂਚੀ ‘ਤੇ ਵਾਪਸ ਜਾਓ ^

6. ਐਪਲੀਕੇਸ਼ਨ ਦੇ ਸਵਾਲ ਭਰੋ ਅਤੇ 'ਅਪਲਾਈ ਕਰੋ' ਪੰਨੇ 'ਤੇ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ 'ਸਮੀਖਿਆ ਕਰੋ ਅਤੇ ਪੁਸ਼ਟੀ ਕਰੋ' 'ਤੇ ਕਲਿੱਕ ਕਰੋ।




7. 'ਸਮੀਖਿਆ ਕਰੋ ਅਤੇ ਪੁਸ਼ਟੀ ਕਰੋ' ਪੰਨੇ 'ਤੇ 'ਘੋਸ਼ਣਾ-ਪੱਤਰ' ਸੈਕਸ਼ਨ ਦੇ ਅਧੀਨ ਐਪਲੀਕੇਸ਼ਨ ਦੇ ਪ੍ਰਿਵਿਊ ਅਤੇ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ 'ਮੈਂ ਰੋਬੋਟ ਨਹੀਂ ਹਾਂ' ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ ਅਤੇ "CAPTCHA" ਨੂੰ ਪੂਰਾ ਕਰੋ ਅਤੇ ਫਿਰ 'ਐਪਲੀਕੇਸ਼ਨ ਸਬਮਿਟ ਕਰੋ' 'ਤੇ ਕਲਿੱਕ ਕਰੋ।




8. ਫਿਰ ਤੁਹਾਨੂੰ ਨਿਊ ਯਾਰਕ ਸ਼ਹਿਰ ਦੇ ਭੁਗਤਾਨ ਪੋਰਟਲ (CityPay) ਵਿਖੇ ਲਿਜਾਇਆ ਜਾਵੇਗਾ ਅਤੇ ਟ੍ਰਾਂਜੈਕਸ਼ਨ ਨੂੰ ਪੂਰਾ ਕਰਨ ਦੇ ਤਰੀਕੇ ਬਾਰੇ ਵਧੇਰੇ ਦਿਸ਼ਾ-ਨਿਰਦੇਸ਼ ਦਿੱਤੇ ਜਾਣਗੇ।

9. ਭੁਗਤਾਨ ਤੋਂ ਬਾਅਦ, ਤੁਹਾਨੂੰ ਇੱਕ ਈਮੇਲ-ਅਧਾਰਿਤ ਰਸੀਦ ਦੇ ਨਾਲ-ਨਾਲ ਅੱਗੇ ਕੀ ਕਰਨਾ ਹੈ, ਬਾਰੇ ਦਿਸ਼ਾ-ਨਿਰਦੇਸ਼ ਵੀ ਭੇਜੇ ਜਾਣਗੇ। ਇਸ ਤੋਂ ਇਲਾਵਾ, ਤੁਹਾਨੂੰ ਟ੍ਰਾਂਜੈਕਸ਼ਨ ਦੇ ਸੰਖੇਪ ਅਤੇ ਅੱਗੇ ਕੀ ਕਰਨਾ ਹੈ, ਬਾਰੇ ਜਾਣਕਾਰੀ ਦੇ ਨਾਲ 'ਪੂਰਾ' ਪੇਜ ਦਿਖਾਇਆ ਜਾਵੇਗਾ।

# ਨਵੇਂ ਲਾਇਸੰਸ ਦੀ ਐਪਲੀਕੇਸ਼ਨ ਨੂੰ ਸਬਮਿਟ ਕਰਨ ਦਾ ਤਰੀਕਾ - ਕਿਰਾਏ-'ਤੇ ਚੱਲਣ ਵਾਲੇ ਵਾਹਨ ਲਈ



1. ਖੱਬੇ ਪਾਸੇ ਨੈਵੀਗੇਸ਼ਨ ਬਾਰ ਤੋਂ 'ਨਵੇਂ ਲਾਇਸੰਸ ਲਈ ਅਪਲਾਈ ਕਰੋ' ਨੂੰ ਚੁਣੋ।

2. 'ਐਪਲੀਕੇਸ਼ਨ ਦੀ ਕਿਸਮ' ਸਵਾਲ ਲਈ, 'ਵਾਹਨ' ਚੁਣੋ।

3. 'ਲਾਇਸੰਸ ਦੀ ਕਿਸਮ' ਲਈ, ਡ੍ਰੌਪ ਡਾਉਨ ਤੋਂ 'ਕਿਰਾਏ 'ਤੇ ਚੱਲਣ ਵਾਲੇ ਵਾਹਨ – ਨਾਨ SHL' ਨੂੰ ਚੁਣੋ।

4. ਅੱਗੇ, ਆਪਣੇ ਵਪਾਰ ਦੀ ਕਿਸਮ ਨੂੰ ਚੁਣੋ ਅਤੇ ਸੰਕੇਤ ਦਿਓ ਕਿ ਕੀ ਤੁਸੀਂ ਪਹਿਲਾਂ ਆਪਣੇ ਵਾਹਨ ਨਾਲ ਐਫਿਲਿਏਟ ਹੋਣ ਲਈ ਕਿਸੇ ਬੇਸ ਨਾਲ ਸੰਪਰਕ ਕੀਤਾ ਹੈ ਜਾਂ ਨਹੀਂ। ਫਿਰ, ਜਾਰੀ ਰੱਖਣ ਲਈ 'ਅਪਲਾਈ ਕਰੋ' ਬਟਨ 'ਤੇ ਕਲਿੱਕ ਕਰੋ।

5. 'ਸ਼ੁਰੂਆਤ ਕਰੋ' ਪੰਨੇ 'ਤੇ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ 'ਜਾਰੀ ਰੱਖੋ' 'ਤੇ ਕਲਿੱਕ ਕਰੋ।

6. ਪ੍ਰਮਾਣਿਕਤਾ ਪੰਨੇ 'ਤੇ, ਆਪਣੇ ਬੇਸ ਦਾ 'ਬੇਸ ਨੰਬਰ' ਦਾਖ਼ਲ ਕਰੋ। ਬੇਸ ਦਾ ਨਾਮ ਅਤੇ ਕਿਸਮ ਸਵੈਚਾਲਿਤ ਤੌਰ 'ਤੇ ਭਰੇ ਜਾਣਗੇ। ਜੇ ਜਾਣਕਾਰੀ ਸਹੀ ਲੱਗਦੀ ਹੈ, ਤਾਂ 'ਕੀ ਇਹ ਤੁਹਾਡੀ ਬੇਸ ਜਾਣਕਾਰੀ ਹੈ?' ਸਵਾਲ ਲਈ 'ਹਾਂ' ਨੂੰ ਚੁਣੋ।

7. ਖੇਤਰ ਵਿੱਚ ਆਪਣੇ ਵਾਹਨ ਦਾ ਵਾਹਨ ਪਛਾਣ ਨੰਬਰ (VIN) ਖੇਤਰ ਵਿੱਚ ਦਾਖ਼ਲ ਕਰੋ ਅਤੇ ਦੁਬਾਰਾ ਉਸ ਖੇਤਰ ਵਿੱਚ ਦਾਖ਼ਲ ਕਰੋ, ਜਿਸਦਾ ਸਿਰਲੇਖ 'ਵਾਹਨ ਪਛਾਣ ਨੰਬਰ ਦੁਬਾਰਾ ਦਰਜ ਕਰੋ (VIN)' ਹੈ।

8. ਆਪਣਾ ਸਮਾਜਕ ਸੁਰੱਖਿਆ ਨੰਬਰ (SSN) ਜਾਂ ਮਾਲਕ ਦਾ ਪਛਾਣ ਨੰਬਰ (EIN) ਦਾਖ਼ਲ ਕਰੋ ਅਤੇ ਦੱਸੋ ਕਿ ਕੀ ਤੁਸੀਂ ਵਾਹਨ ਦੇ ਲਾਇਸੰਸ ਨੂੰ ਇੱਕ SHL ਪਰਮਿਟ ਨਾਲ ਐਫਿਲਿਏਟ ਕਰਨ ਦੀ ਯੋਜਨਾ ਬਣਾ ਰਹੇ ਹੋ ਜਾਂ ਨਹੀਂ। ਅੰਤ ਵਿੱਚ, 'ਜਾਰੀ ਰੱਖੋ' 'ਤੇ ਕਲਿੱਕ ਕਰੋ।

**ਅਗਲੇ ਪੰਨੇ 'ਤੇ ਜਾਰੀ >>**




ਵਿਸ਼ਾ-ਸੂਚੀ 'ਤੇ ਵਾਪਸ ਜਾਓ ^

9. 'ਵਾਹਨ ਦੀ ਜਾਣਕਾਰੀ' ਪੰਨੇ 'ਤੇ, ਆਪਣੇ ਵਾਹਨ ਦੇ ਸਾਲ, ਬਣਤਰ, ਮਾਡਲ, ਸੀਟਾਂ ਦੀ ਗਿਣਤੀ ਬਾਰੇ ਜਾਣਕਾਰੀ ਦਾਖ਼ਲ ਕਰੋ, ਜੇਕਰ ਇਸ ਨੂੰ ਖਿੱਚਿਆ ਜਾਂਦਾ ਹੈ, ਜੇਕਰ ਇਸ ਵਿੱਚ ਕਿਰਾਏ 'ਤੇ ਚੱਲਣ ਵਾਲੇ ਵਾਹਨ ਸੰਬੰਧੀ ਪਲੇਟਾਂ ਹਨ, ਅਤੇ ਜੇਕਰ ਇਸ ਵਿੱਚ ਵ੍ਹੀਲਚੇਅਰ ਪਹੁੰਚਯੋਗਤਾ ਹੈ। ਫਿਰ, 'ਜਾਰੀ ਰੱਖੋ' 'ਤੇ ਕਲਿੱਕ ਕਰੋ।

10. 'ਮਾਲਕ ਦੀ ਜਾਣਕਾਰੀ' ਪੰਨੇ 'ਤੇ, ਆਪਣਾ ਨਾਮ, ਫ਼ੋਨ ਨੰਬਰ, ਈਮੇਲ, ਭਾਸ਼ਾ ਪਸੰਦ ਅਤੇ ਮੇਲਿੰਗ ਪਤਾ ਦਾਖ਼ਲ ਕਰੋ। ਫਿਰ, 'ਜਾਰੀ ਰੱਖੋ' 'ਤੇ ਕਲਿੱਕ ਕਰੋ।

11. 'ਬੀਮਾ' ਪੰਨੇ 'ਤੇ, ਆਪਣੇ ਵਾਹਨ ਦਾ ਬੀਮਾ ਪਾਲਿਸੀ ਨੰਬਰ, ਬੀਮਾ ਪਾਲਿਸੀ ਦੀ ਸ਼ੁਰੂਆਤੀ ਮਿਤੀ, ਬੀਮਾ ਪਾਲਿਸੀ ਦੀ ਸਮਾਪਤੀ ਮਿਤੀ ਦਾਖ਼ਲ ਕਰੋ ਅਤੇ ਸੰਕੇਤ ਦਿਓ ਕਿ ਕੀ ਤੁਹਾਡੀ ਕੋਲ ਕੋਈ ਹੋਰ ਬੀਮਾ ਪਾਲਿਸੀ ਹੈ। ਫਿਰ, 'ਜਾਰੀ ਰੱਖੋ' 'ਤੇ ਕਲਿੱਕ ਕਰੋ।

**ਅਗਲੇ ਪੰਨੇ 'ਤੇ ਜਾਰੀ ਰੱਖੋ >>**










ਵਿਸ਼ਾ-ਸੂਚੀ 'ਤੇ ਵਾਪਸ ਜਾਓ ^

12. ‘ਪ੍ਰਸ਼ਨਾਵਲੀ’ ਪੰਨੇ ‘ਤੇ, ਸੰਕੇਤ ਦਿਓ ਕਿ ਕੀ ਤੁਹਾਡਾ ਵਾਹਨ 500 ਮੀਲ ਤੋਂ ਵੱਧ ਲੰਮਾਂ ਹੈ, ਸੱਤ ਫੁੱਟ ਤੋਂ ਵੱਧ ਉੱਚਾ ਹੈ, ਜਾਂ 8,500 ਪੌਂਡ ਤੋਂ ਵੱਧ ਭਾਰਾ ਹੈ।

13. ‘ਪੁਸ਼ਟੀਕਰਨ’ ਸੈਕਸ਼ਨ ਵਿੱਚ ਐਪਲੀਕੇਸ਼ਨ ਅਤੇ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ ‘ਮੈਂ ਪੁਸ਼ਟੀ ਕਰਦਾ/ਦੀ ਹਾਂ’ ਅਤੇ ਨਾਲ ਹੀ ‘ਮੈਂ ਰੋਬੋਟ ਨਹੀਂ ਹਾਂ’ ਸ਼ਬਦਾਂ ਦੇ ਸਾਮ੍ਹਣੇ ਬਾਕਸ ‘ਤੇ ਕਲਿੱਕ ਕਰੋ ਅਤੇ “CAPTCHA” ਨੂੰ ਪੂਰਾ ਕਰੋ ਅਤੇ ਫਿਰ ‘ਸਮੀਖਿਆ ਕਰੋ ਅਤੇ ਪੁਸ਼ਟੀ ਕਰੋ’ ‘ਤੇ ਕਲਿੱਕ ਕਰੋ।

14. ਫਿਰ ਤੁਹਾਨੂੰ ਨਿਊ ਯਾਰਕ ਸ਼ਹਿਰ ਦੇ ਭੁਗਤਾਨ ਪੋਰਟਲ (CityPay) ਵਿਖੇ ਲਿਜਾਇਆ ਜਾਵੇਗਾ ਅਤੇ ਟ੍ਰਾਂਜੈਕਸ਼ਨ ਨੂੰ ਪੂਰਾ ਕਰਨ ਦੇ ਤਰੀਕੇ ਬਾਰੇ ਵਧੇਰੇ ਦਿਸ਼ਾ-ਨਿਰਦੇਸ਼ ਦਿੱਤੇ ਜਾਣਗੇ।

15. ਭੁਗਤਾਨ ਤੋਂ ਬਾਅਦ, ਤੁਹਾਨੂੰ ਇੱਕ ਈਮੇਲ-ਅਧਾਰਿਤ ਰਸੀਦ ਦੇ ਨਾਲ-ਨਾਲ ਅੱਗੇ ਕੀ ਕਰਨਾ ਹੈ, ਬਾਰੇ ਦਿਸ਼ਾ-ਨਿਰਦੇਸ਼ ਵੀ ਭੇਜੇ ਜਾਣਗੇ। ਇਸ ਤੋਂ ਇਲਾਵਾ, ਤੁਹਾਨੂੰ ਟ੍ਰਾਂਜੈਕਸ਼ਨ ਦੇ ਸੰਖੇਪ ਅਤੇ ਅੱਗੇ ਕੀ ਕਰਨਾ ਹੈ, ਬਾਰੇ ਜਾਣਕਾਰੀ ਦੇ ਨਾਲ ‘ਪੂਰਾ’ ਪੇਜ ਦਿਖਾਇਆ ਜਾਵੇਗਾ।










ਵਿਸ਼ਾ-ਸੂਚੀ ‘ਤੇ ਵਾਪਸ ਜਾਓ ^

1. ਖੱਬੇ ਪਾਸੇ ਨੈਵੀਗੇਸ਼ਨ ਬਾਰ ਤੋਂ ‘ਨਵੀਨੀਕਰਣ ਭੁਗਤਾਨ’ ਨੂੰ ਚੁਣੋ।

2. ‘ਡਰਾਈਵਰ’ ਨੂੰ ਚੁਣੋ ਅਤੇ ਫਿਰ ‘ਜਾਰੀ ਰੱਖੋ’ ‘ਤੇ ਕਲਿੱਕ ਕਰੋ।

3. ਆਪਣਾ ਡਰਾਈਵਰ ਲਾਇਸੰਸ ਨੰਬਰ, ਡਰਾਈਵਰ ਲਾਇਸੰਸ ਦੀ ਮਿਆਦ ਸਮਾਪਤ ਹੋਣ ਦੀ ਮਿਤੀ ਅਤੇ ਆਪਣੇ ਸਮਾਜਕ ਸੁਰੱਖਿਆ ਨੰਬਰ (SSN) ਦੇ ਅੰਤਮ 5 ਅੰਕ ਦਾਖ਼ਲ ਕਰੋ।

ਤੁਹਾਡਾ ਡਰਾਈਵਰ ਲਾਇਸੰਸ ਕਿਸ ਤਰ੍ਹਾਂ ਦਾ ਦਿਖਾਈ ਦਿੰਦਾ ਹੈ, ਇਸਦੀ ਉਦਾਹਰਣ ਲਈ ਇੱਥੇ ਕਲਿੱਕ ਕਰੋ।

4. ਮੈਂ ਰੋਬੋਟ ਨਹੀਂ ਹਾਂ’ ਸ਼ਬਦਾਂ ਦੇ ਸਾਮ੍ਹਣੇ ਬਾਕਸ ‘ਤੇ ਕਲਿੱਕ ਕਰੋ ਅਤੇ “CAPTCHA” ਨੂੰ ਪੂਰਾ ਕਰੋ ਅਤੇ ਫਿਰ ‘ਖੋਜੋ’ ‘ਤੇ ਕਲਿੱਕ ਕਰੋ।

5. ‘TLC ਪ੍ਰਮਾਣਿਕਤਾ’ ਅਤੇ ‘ਐਪਲੀਕੇਸ਼ਨ ਦਾ ਘੋਸ਼ਣਾ-ਪੱਤਰ’ ਸੈਕਸ਼ਨ ਵਿੱਚ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ ‘ਮੈਂ ਸਹਿਮਤ ਹਾਂ’ ਸ਼ਬਦਾਂ ਦੇ ਸਾਮ੍ਹਣੇ ਬਾਕਸ ‘ਤੇ ਕਲਿੱਕ ਕਰੋ।

6. ਤੁਹਾਨੂੰ ਇੱਕ ਪੌਪ-ਅੱਪ ਚਿਤਾਵਣੀ ਦਿਖਾਈ ਦੇਵੇਗੀ। ਜੇਕਰ ਤੁਸੀਂ ਭਾਸ਼ਾ ਨਾਲ ਸਹਿਮਤ ਹੋ, ਤਾਂ ‘ਠੀਕ ਹੈ’ ਨੂੰ ਚੁਣੋ।

**ਅਗਲੇ ਪੰਨੇ ‘ਤੇ ਜਾਰੀ ਰੱਖੋ >>**




ਵਿਸ਼ਾ-ਸੂਚੀ ‘ਤੇ ਵਾਪਸ ਜਾਓ ^

7. ਫੀਸ ਨੂੰ ਚੁਣਨ ਲਈ 'ਕੁੱਲ ਨਵੀਨੀਕਰਣ ਫੀਸ' ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ। ਨਵੀਨੀਕਰਣ ਦੀ ਰਕਮ ਫਿਰ ਤੁਹਾਨੂੰ ਇਹ ਦਿਖਾਉਣ ਲਈ ਅੱਪਡੇਟ ਕੀਤੀ ਜਾਵੇਗੀ ਕਿ ਤੁਹਾਡਾ ਕਿੰਨਾ ਬਕਾਇਆ ਹੈ। ਭੁਗਤਾਨ ਕਰਨ ਲਈ, 'ਜਾਰੀ ਰੱਖੋ' 'ਤੇ ਕਲਿੱਕ ਕਰੋ। ਫਿਰ ਤੁਹਾਨੂੰ ਨਿਊ ਯਾਰਕ ਸ਼ਹਿਰ ਦੇ ਭੁਗਤਾਨ ਪੋਰਟਲ (CityPay) ਵਿਖੇ ਲਿਜਾਇਆ ਜਾਵੇਗਾ ਅਤੇ ਟ੍ਰਾਂਜੈਕਸ਼ਨ ਨੂੰ ਪੂਰਾ ਕਰਨ ਦੇ ਤਰੀਕੇ ਬਾਰੇ ਵਧੇਰੇ ਦਿਸ਼ਾ-ਨਿਰਦੇਸ਼ ਦਿੱਤੇ ਜਾਣਗੇ।

8. ਭੁਗਤਾਨ ਤੋਂ ਬਾਅਦ, ਤੁਹਾਨੂੰ ਇੱਕ ਈਮੇਲ-ਅਧਾਰਿਤ ਰਸੀਦ ਭੇਜੀ ਜਾਵੇਗੀ।






# ਇੱਕ ਲਾਇਸੰਸ ਦੇ ਨਵੀਨੀਕਰਣ ਦਾ ਭੁਗਤਾਨ ਕਰਨ ਦਾ ਤਰੀਕਾ - ਵਾਹਨ



1. ਖੱਬੇ ਪਾਸੇ ਨੈਵੀਗੇਸ਼ਨ ਬਾਰ ਤੋਂ 'ਨਵੀਨੀਕਰਣ ਭੁਗਤਾਨ' ਨੂੰ ਚੁਣੋ।

2. 'ਵਾਹਨ' ਨੂੰ ਚੁਣੋ ਅਤੇ ਫਿਰ 'ਜਾਰੀ ਰੱਖੋ' 'ਤੇ ਕਲਿੱਕ ਕਰੋ।

3. ਆਪਣੇ ਵਾਹਨ ਦਾ ਲਾਇਸੰਸ ਨੰਬਰ, ਵਾਹਨ ਦੇ ਲਾਇਸੰਸ ਦੀ ਮਿਆਦ ਸਮਾਪਤ ਹੋਣ ਦੀ ਮਿਤੀ ਅਤੇ ਆਪਣੇ ਸਮਾਜਕ ਸੁਰੱਖਿਆ ਨੰਬਰ (SSN) ਜਾਂ ਮਾਲਕ ਪਛਾਣ ਨੰਬਰ (EIN) ਦੇ ਅੰਤਮ 5 ਅੰਕ ਦਾਖ਼ਲ ਕਰੋ।

ਤੁਹਾਡਾ ਵਾਹਨ ਲਾਇਸੰਸ ਕਿਸ ਤਰ੍ਹਾਂ ਦਾ ਦਿਖਾਈ ਦਿੰਦਾ ਹੈ, ਇਸਦੀ ਉਦਾਹਰਣ ਲਈ ਇੱਥੇ ਕਲਿੱਕ ਕਰੋ।

4. ਮੈਂ ਰੋਬੋਟ ਨਹੀਂ ਹਾਂ' ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ ਅਤੇ "CAPTCHA" ਨੂੰ ਪੂਰਾ ਕਰੋ ਅਤੇ ਫਿਰ 'ਖੋਜੋ' 'ਤੇ ਕਲਿੱਕ ਕਰੋ।

5. 'TLC ਪ੍ਰਮਾਣਿਕਤਾ' ਅਤੇ 'ਐਪਲੀਕੇਸ਼ਨ ਦਾ ਘੋਸ਼ਣਾ-ਪੱਤਰ' ਸੈਕਸ਼ਨ ਵਿੱਚ ਭਾਸ਼ਾ ਦੀ ਸਮੀਖਿਆ ਕਰੋ। ਜੇਕਰ ਤੁਸੀਂ ਸਹਿਮਤ ਹੋ, ਤਾਂ 'ਮੈਂ ਸਹਿਮਤ ਹਾਂ' ਸ਼ਬਦਾਂ ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ।

6. ਤੁਹਾਨੂੰ ਇੱਕ ਪੌਪ-ਅੱਪ ਚਿਤਾਵਨੀ ਦਿਖਾਈ ਦੇਵੇਗੀ। ਜੇਕਰ ਤੁਸੀਂ ਭਾਸ਼ਾ ਨਾਲ ਸਹਿਮਤ ਹੋ, ਤਾਂ 'ਠੀਕ ਹੈ' ਨੂੰ ਚੁਣੋ।













ਅਗਲੇ ਪੰਨੇ 'ਤੇ ਜਾਰੀ ਰੱਖੋ >>

7. ਫੀਸ ਨੂੰ ਚੁਣਨ ਲਈ 'ਕੁੱਲ ਨਵੀਨੀਕਰਣ ਫੀਸ' ਦੇ ਸਾਮ੍ਹਣੇ ਬਾਕਸ 'ਤੇ ਕਲਿੱਕ ਕਰੋ। ਨਵੀਨੀਕਰਣ ਦੀ ਰਕਮ ਫਿਰ ਤੁਹਾਨੂੰ ਇਹ ਦਿਖਾਉਣ ਲਈ ਅੱਪਡੇਟ ਕੀਤੀ ਜਾਵੇਗੀ ਕਿ ਤੁਹਾਡਾ ਕਿੰਨਾ ਬਕਾਇਆ ਹੈ। ਭੁਗਤਾਨ ਕਰਨ ਲਈ, 'ਜਾਰੀ ਰੱਖੋ' 'ਤੇ ਕਲਿੱਕ ਕਰੋ। ਫਿਰ ਤੁਹਾਨੂੰ ਨਿਊ ਯਾਰਕ ਸ਼ਹਿਰ ਦੇ ਭੁਗਤਾਨ ਪੋਰਟਲ (CityPay) ਵਿਖੇ ਲਿਜਾਇਆ ਜਾਵੇਗਾ ਅਤੇ ਟ੍ਰਾਂਜੈਕਸ਼ਨ ਨੂੰ ਪੂਰਾ ਕਰਨ ਦੇ ਤਰੀਕੇ ਬਾਰੇ ਵਧੇਰੇ ਦਿਸ਼ਾ-ਨਿਰਦੇਸ਼ ਦਿੱਤੇ ਜਾਣਗੇ।

8. ਭੁਗਤਾਨ ਤੋਂ ਬਾਅਦ, ਤੁਹਾਨੂੰ ਇੱਕ ਈਮੇਲ-ਅਧਾਰਿਤ ਰਸੀਦ ਭੇਜੀ ਜਾਵੇਗੀ।




ਵਿਸ਼ਾ-ਸੂਚੀ 'ਤੇ ਵਾਪਸ ਜਾਓ ^